ਸ਼੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋ ਚੋਰੀ ਦੇ 04 ਮੋਟਰਸਾਇਕਲ ਅਤੇ ਗੈਸ ਸਲੈਡਰਾਂ ਸਮੇਤ 03 ਵਿਅਕਤੀ ਗ੍ਰਿਫਤਾਰ



ਸ਼੍ਰੀ ਮੁਕਤਸਰ ਸਾਹਿਬ,ਬਰੀਵਾਲਾ ( ) ਮਾਨਯੋਗ ਗੋਰਵ ਯਾਦਵ ਆਈ.ਪੀ.ਐੱਸ. ਡੀ.ਜੀ.ਪੀ. ਪੰਜਾਬ ਦੀਆ ਹਦਾਇਤਾਂ ਮੁਤਾਬਕ ਸ਼੍ਰੀ ਭਾਗੀਰਥ ਸਿੰਘ ਮੀਨਾ, ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਿਸ ਸ਼੍ਰੀ ਮੁਕਤਸਰ ਸਾਹਿਬ ਵੱਲੋ ਸ਼੍ਰਾਰਤੀ ਅਨਸਰਾਂ ਪਰ ਨਕੇਲ ਕਸੀ ਜਾ ਰਹੀ ਹੈ।ਜਿਸ ਦੇ ਚੱਲਦਿਆ ਸ਼੍ਰੀ ਮਨਮੀਤ ਸਿੰਘ ਢਿੱਲੋ ਐਸ.ਪੀ.(ਡੀ) ਸ਼੍ਰੀ ਮੁਕਤਸਰ ਸਾਹਿਬ ਦੀ ਅਗਵਾਹੀ ਹੇਠ ਐਸ.ਆਈ. ਜਗਸੀਰ ਸਿੰਘ ਮੁੱਖ ਅਫਸਰ ਥਾਣਾ ਬਰੀਵਾਲਾ ਵੱਲੋ 03 ਚੋਰ ਗਿਰੋਹ ਦੇ ਮੈਬਰਾਂ ਨੂੰ ਕਾਬੂ ਕਰਕੇ ਉਹਨਾਂ ਪਾਸੋ 04 ਚੋਰੀ ਦੇ ਮੋਟਰਸਾਇਕਲ ਅਤੇ 02 ਗੈਸ ਸਲੈਡਰਾਂ ਨੂੰ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।